# BUHDA DAL PUBLIC SCHOOL PATIALA

## First Term Examination (30 August 2024)

**Class - XII**

**Paper - Punjabi (Set-A)** **MM: 80**

**Time: 3 hrs.**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਅਡਵਾਂਸ ਪੜ੍ਹਨ-ਕੌਸ਼ਲ

**ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ :** (8×1=8)

ਪੇਂਡੂ ਜੀਵਨ ਸਾਡੇ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਹੈ। ਦਿਨੋ-ਦਿਨ ਵੱਧ ਰਹੇ ਸ਼ਹਿਰੀਕਰਨ ਨੇ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਸਾਡਾ ਅਮੀਰ ਸੱਭਿਆਚਾਰ ਪਿੰਡਾਂ ਵਿੱਚ ਵੱਸਦਾ ਹੈ। ਵਿਗਿਆਨਕ ਤਰੱਕੀ, ਸਮੇਂ ਦੀ ਘਾਟ, ਪੱਛਮੀ ਸੱਭਿਆਚਾਰ ਦੇ ਕਾਰਨ, ਫਾਇਦਿਆਂ ਦੇ ਨਾਲ਼-ਨਾਲ਼ ਕਾਫ਼ੀ ਨੁਕਸਾਨ ਵੀ ਹੋਏ ਹਨ। ਪਿੰਡਾਂ ਦੀ ਮੋਹ-ਮੁਹੱਬਤ ਹੁਣ ਖ਼ਤਮ ਹੋਣ ਜਾ ਰਹੀ ਹੈ ਜਾਂ ਹੋ ਚੁੱਕੀ ਹੈ। ਕਈ ਵਾਰ ਤਾਂ ਇੰਝ ਲੱਗਦਾ ਹੈ ਕਿ ਸਾਡਾ ਸੱਭਿਆਚਾਰ ਹੁਣ ਖ਼ਤਮ ਹੀ ਹੋ ਗਿਆ ਹੈ। ਕੋਈ ਸਮਾਂ ਸੀ ਜਦੋਂ ਮਾਲਵੇ ਦੇ ਪਿੰਡਾਂ ਅਤੇ ਮਾਰੂਥਲ ਦੀ ਮਹਿਕ ਦਾ ਆਪਣਾ ਹੀ ਵੱਖਰਾ ਸੰਦਲੀ ਸਵਾਦ ਸੀ। ਕਈ ਵਾਰ ਤਾਂ ਮਾਲਵੇ ਦੇ ਪਿੰਡਾਂ ਦੇ ਮਾਰੂਥਲ ਵਿੱਚੋਂ ਵੀ ਚੰਦਨ ਵਰਗੀ ਮਹਿਕ ਆਉਂਦੀ ਸੀ, ਕਿਰੇ ਚਿੱਬੜਾਂ ਦੀ ਖੁਸ਼ਬੂ, ਮੱਲ੍ਹਿਆਂ ਦੇ ਬੇਰ, ਜੰਡ ਨਾਲ਼ ਲਟਕਦੇ ਖੋਖੇ, ਫੁੱਲਾਂ ਨਾਲ਼ ਲੱਦੇ ਕਰੀਰ, ਝੂਮਦਾ ਸਰਕੜਾ, ਸਵਰਗ ਦੀ ਯਾਦ ਕਰਵਾਉਂਦੇ ਸਨ। ਹੁਣ ਕਰੀਰ, ਜੰਡ, ਰੇਰੂ, ਬੀਤੇ ਸਮੇਂ ਦੀਆਂ ਬਾਤਾਂ ਬਣ ਕੇ ਰਹਿ ਗਏ ਹਨ। ਪਿੰਡਾਂ ਦੀ ਆਪਣੀ ਕਹਾਣੀ ਸੀ।

*(i)* ਕਿਹੜਾ ਜੀਵਨ ਸਾਡੇ ਸੱਭਿਆਚਾਰ ਦਾ ਮੁੱਖ ਅੰਗ ਰਿਹਾ ਹੈ ?

(ੳ) ਸ਼ਹਿਰੀ ਜੀਵਨ (ਅ) ਪੇਂਡੂ ਜੀਵਨ
(ੲ) ਪੱਛਮੀ ਸੱਭਿਆਚਾਰ (ਸ) ਇਹਨਾਂ ਵਿੱਚੋਂ ਕੋਈ ਨਹੀਂ

*(ii)* ਕਿਸ ਨੇ ਹੁਣ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ ?

(ੳ) ਸ਼ਹਿਰੀਕਰਨ (ਅ) ਵਿਗਿਆਨ
(ੲ) ਪੱਛਮੀ ਸੱਭਿਆਚਾਰ (ਸ) ਇਹਨਾਂ ਵਿੱਚੋਂ ਕੋਈ ਨਹੀਂ

*(iii)* ਪਿੰਡਾਂ ਵਿੱਚੋਂ ਪੇਂਡੂ ਸੱਭਿਆਚਾਰ ਦੇ ਅਲੋਪ ਹੋਣ ਦਾ ਕੀ ਕਾਰਨ ਹੈ ?

(ੳ) ਵਿਗਿਆਨਕ ਤਰੱਕੀ (ਅ) ਮੋਹ-ਪਿਆਰ
(ੲ) ਪੁਰਾਤਨਤਾ (ਸ) ਨਸ਼ੇ

*(iv)* ਪਿੰਡਾਂ ਵਿੱਚੋਂ ਕਿਹੜੀ ਚੀਜ਼ ਖ਼ਤਮ ਹੁੰਦੀ ਜਾ ਰਹੀ ਹੈ ?

(ੳ) ਟਰੈਕਟਰ (ਅ) ਜੀਪਾਂ
(ੲ) ਦੁਸ਼ਮਣੀ (ਸ) ਮੋਹ-ਮੁਹੱਬਤ

*(v)* ਪੰਜਾਬ ਦੇ ਮਾਲਵੇ ਇਲਾਕੇ ਦੇ ਮਾਰੂਥਲ ਦੀ ਮਹਿਕ ਦੀ ਤੁਲਨਾ ਲੇਖਕ ਨੇ ਕਿਸ ਨਾਲ਼ ਕੀਤੀ ਹੈ ?

(ੳ) ਬੋਹੜ ਨਾਲ਼ (ਅ) ਪਿੱਪਲ ਨਾਲ਼
(ੲ) ਜੰਡ ਨਾਲ਼ (ਸ) ਚੰਦਨ ਨਾਲ਼

*(vi)* ਵਾਰਤਕ ਅਨੁਸਾਰ ਅਮੀਰ ਸੱਭਿਆਚਾਰ ਕਿੱਥੇ ਵੱਸਦਾ ਸੀ ?

(ੳ) ਪਿੰਡਾਂ ਵਿੱਚ (ਅ) ਸ਼ਹਿਰਾਂ ਵਿੱਚ
(ੲ) ਪੱਛਮੀ ਸੱਭਿਆਚਾਰ ਵਿੱਚ (ਸ) ਮਹਾਂਨਗਰਾਂ ਵਿੱਚ

*(vii)* ਪੈਰੇ ਅਨੁਸਾਰ ਪਿੰਡਾਂ ਦੀ ਆਪਣੀ ਕੀ ਹੈ ?

(ੳ) ਜਵਾਨੀ (ਅ) ਕਹਾਣੀ
(ੲ) ਨਿਸ਼ਾਨੀ (ਸ) ਇਹਨਾਂ ਵਿੱਚੋਂ ਕੋਈ ਨਹੀਂ

*(viii)* ਉੱਪਰ ਲਿਖੇ ਪੈਰੇ ਦਾ ਸਿਰਲੇਖ ਹੈ—

(ੳ) ਪੇਂਡੂ ਜੀਵਨ (ਅ) ਸ਼ਹਿਰੀ ਜੀਵਨ
(ੲ) ਮਹਾਂਨਗਰੀ ਜੀਵਨ (ਸ) ਇਹਨਾਂ ਵਿੱਚੋਂ ਕੋਈ ਨਹੀਂ

A-1

(8)

**ਪ੍ਰ2. ਪ੍ਰਭਾਵਸ਼ਾਲੀ ਲਿਖਣ-ਕੌਸ਼ਲ**

ਪੰਜਾਬੀ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲੇ ਕਿਸੇ ਕਿਸਾਨ-ਮੇਲੇ ਵਿੱਚ ਆਪਣਾ ਸਟਾਲ ਲਾਉਣ ਲਈ ਮੇਲਾ ਪ੍ਰਬੰਧਕ ਨੂੰ ਪੱਤਰ ਲਿਖੋ।

**ਜਾਂ**

ਤੁਸੀਂ ਆਪਣੇ ਕੈਫ਼ੇ ਲਈ ਕਿਸੇ ਕੰਪਨੀ ਦਾ ਕੰਪਿਊਟਰ 'ਸੰਗਮ ਕੰਪਿਊਟਰਜ਼' ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਖਰੀਦਿਆ ਸੀ। ਕੰਪਿਊਟਰ 'ਚ ਆਈਆਂ ਖ਼ਰਾਬੀਆਂ ਬਾਰੇ ਉਕਤ ਫ਼ਰਮ ਨੂੰ ਪੱਤਰ ਲਿਖੋ।

**ਪ੍ਰ3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰ੍ਹਾ-ਰਚਨਾ ਕਰੋ** (7)

ਸਾਇਬਰ ਕ੍ਰਾਇਮ **ਜਾਂ** ਨੈਤਿਕ ਕਦਰਾਂ ਕੀਮਤਾਂ

**ਵਿਹਾਰਕ ਵਿਆਕਰਨ**

**ਪ੍ਰ4. ਵਾਕ-ਵਟਾਂਦਰਾ** (1×3=3)

ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ:

1) ਸਮਝਦਾਰ ਬੱਚੇ ਮਾਪਿਆਂ ਦਾ ਕਹਿਣਾ ਮੰਨਦੇ ਹਨ। (ਮਿਸ਼ਰਤ-ਵਾਚਕ)

2) ਤੁਹਾਡਾ ਨਾਂ ਕੀ ਹੈ? (ਸਧਾਰਨ ਵਾਕ)

3) ਸਿਰਫ ਮਾਂ ਬੱਚੇ ਨੂੰ ਪਾਲ ਸਕਦੀ ਹੈ। (ਨਾਂ-ਵਾਚਕ)

4) ਕਾਸ਼! ਮੈਂ ਅਮੀਰ ਹੋਵਾਂ। (ਵਿਸਮਿਕ ਵਾਕ)

**ਪ੍ਰ5. ਅਖਾਣ/ਅਖਾਉਤਾਂ** (2×5=10)

ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ

ੳ) ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ

ਅ) ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ

ੲ) ਇੱਕ ਚੁੱਪ ਸੌ ਸੁੱਖ

ਸ) ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਣ

ਹ) ਕੋਹ ਨਾ ਚਲੀ ਬਾਬਾ ਤਿਹਾਈ

ਕ) ਅੱਗੇ ਸੱਖ ਤੇ ਪਿੱਛੇ ਸ਼ੀਂਹ

**ਸਾਹਿਤ (ਪਾਠ-ਪੁਸਤਕ ਅਧਾਰਿਤ ਪ੍ਰਸ਼ਨ)**

**ਪ੍ਰ6. ਹੇਠ ਦਿੱਤੀਆਂ ਗਈਆਂ ਕਾਵਿ ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:** (3+5=8)

ਸੁੱਤੇ ਏਸ ਚੁਗਿਰਦੇ ਅੰਦਰ, ਮੈਂ ਕੱਲਾ ਇੱਕ ਜਾਗਾਂ
ਜੱਗ ਰਹੀਆਂ ਦੋ ਅੱਖਾਂ ਮੇਰੀਆਂ, ਚੁੱਪ-ਚੁੱਪ ਵਾਂਗ ਚਰਾਗਾਂ
ਗੁੰਬਦ ਦਿਆਂ ਉਭਾਰਾਂ ਉੱਤੇ ਮਸਤਾਈਆਂ ਅਲਸਾਈਆਂ
ਫਿਰ ਰਹੀਆਂ ਸਨ ਨਜ਼ਰਾਂ ਮੇਰੀਆਂ ਸੁਹਜ-ਸਵਾਦ ਤਰਿਹਾਈਆਂ।
ਤੱਕ-ਤੱਕ ਕਸਬ ਹੁਸਨ ਮੁਗਲਾਂ ਦਾ, ਹੈਰਤ ਵਧਦੀ ਜਾਵੇ
ਸ਼ਾਹ ਜਹਾਨ ਦੇ ਸੁਹਜ-ਸਵਾਦ ਨੂੰ, ਲੂੰ-ਲੂੰ ਪਿਆ ਸਲਾਹਵੇ।

ਜਾਂ

ਕੂਲੇ ਕੂਲੇ ਹੱਥ ਕਿਰਪਾਨਾਂ ਵਿੱਚ ਗੋਰੀਆਂ
ਕਲ੍ਹ ਨੇ ਸਵੇਰ ਦੀਆਂ ਜੋੜੀਆਂ ਮੈਂ ਤੋਰੀਆਂ
ਜਿਨ੍ਹਾਂ ਦਾ ਵਿਛੋੜਾ ਮੈਂ ਨਾ ਪਲ ਸੀ ਸਹਾਰਦੀ
ਚੁੰਮ ਚੁੰਮ ਰੱਖੇ ਨੀ ਇਹ ਕਲਗੀ ਜੁਝਾਰ ਦੀ।

**ਪ੍ਰ7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** (1×4=4)

ੳ) ਤਾਜਮਹੱਲ ਕਵਿਤਾ ਵਿੱਚ ਕਿਸ ਦੀਆਂ ਚੀਕਾਂ ਦਾ ਜ਼ਿਕਰ ਹੈ?

1) ਮੁਮਤਾਜ ਦੀਆਂ 2) ਬੱਚਿਆਂ ਦੀਆਂ 3) ਮਜ਼ਦੂਰਾਂ ਦੀਆਂ 4) ਸਿਪਾਹੀਆਂ ਦੀਆਂ

ਅ) 'ਟੁੱਕੜੀ ਜੱਗ ਤੋਂ ਨਿਆਰੀ' ਕਵਿਤਾ ਵਿੱਚ ਕਿਹੜੀ ਥਾਂ ਦੀ ਸੁੰਦਰਤਾਂ ਨੂੰ ਬਿਆਨ ਕੀਤਾ ਗਿਆ ਹੈ?

1) ਜੰਮੂ 2) ਕਸ਼ਮੀਰ 3) ਹਿਮਾਲਾ 4) ਪੰਜਾਬ

ੲ) ਹੁਸਨ ਮੰਡਲ ਵਿੱਚ ਕੌਣ ਖੇਡ ਰਿਹਾ ਸੀ?

1) ਸਰਸਵਤੀ ਦੇਵੀ 2) ਲਕਸ਼ਮੀ ਦੇਵੀ 3) ਕਾਲੀ ਦੇਵੀ 4) ਕੁਦਰਤ ਦੇਵੀ

ਸ) ਘੋੜੀ ਦੀ ਕਾਠੀ 'ਤੇ ਕੀ ਲੱਗਾ ਹੋਇਆ ਸੀ?

1) ਨਿਸ਼ਾਨ 2) ਲਹੂ 3) ਟੱਕ ਸ) ਫੁੱਲ

**ਕਹਾਣੀਆਂ ਵਿੱਚੋਂ** (6)

**ਪ੍ਰ8.** 'ਸਾਂਝ' ਕਹਾਣੀ ਦੇ ਮੁੱਖ ਪਾਤਰ ਪ੍ਰੋਫੈਸਰ ਦਾ ਪਾਤਰ-ਚਿਤਰਣ 125 ਤੋਂ 150 ਸ਼ਬਦਾਂ ਵਿੱਚ ਲਿਖੋ।

ਜਾਂ

'ਨੀਲੀ' ਕਹਾਣੀ ਦਾ ਸਾਰ 125 ਤੋਂ 150 ਸ਼ਬਦਾਂ ਵਿੱਚ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** (1×5=5)

ੳ) 'ਸਾਂਝ' ਕਹਾਣੀ ਵਿੱਚ ਬੁਢੀ ਮਾਈ ਨੇ ਕਿਹੜੇ ਪਿੰਡ ਜਾਣਾ ਸੀ?

1) ਬਾਗਾਂ ਵਾਲੇ 2) ਸਹੇੜੇ 3) ਮੋਰਾਂ ਵਾਲੇ 4) ਕਿਰਤਪੁਰ

ਅ) ਗਵਾਲਾ ਗਾਂ ਦੀ ਧਾਰ ਕਿਸ ਭਾਂਡੇ ਵਿੱਚ ਕੱਢਦਾ ਸੀ?

1) ਬਾਲਟੀ ਵਿੱਚ 2) ਜੱਗ ਵਿੱਚ 3) ਡੋਲ੍ਹ ਵਿੱਚ 4) ਗਾਗਰ ਵਿੱਚ

ੲ) 'ਸਾਂਝ' ਕਹਾਣੀ ਵਿੱਚ ਘੁੱਗੀ ਕਿਹੜੇ ਦਰਖ਼ਤ ਤੇ ਬੋਲ ਰਹੀ ਸੀ?

1) ਟਾਹਲੀ 2) ਅੰਬ 3) ਕਿੱਕਰ 4) ਨਿੰਮ

ਸ) ਪ੍ਰੋਫੈਸਰ ਦੀ ਜੇਬ ਵਿੱਚ ਕਿੰਨੇ ਪੈਸੇ ਸਨ?

1) ਸੌ ਰੁਪਏ 2) ਪੰਜਾਹ ਰੁਪਏ 3) ਅੱਠ ਆਨੇ 4) ਤੀਹ ਪੈਸੇ

ਹ) 'ਨੀਲੀ' ਕਹਾਣੀ ਵਿਚਲਾ 'ਮੈਂ-ਪਾਤਰ' ਕੌਣ ਹੈ?

1) ਗਵਾਲਾ 2) ਲੇਖਕ ਦੀ ਪਤਨੀ 3) ਲੇਖਕ 4) ਇਹਨਾਂ ਵਿੱਚੋਂ ਕੋਈ ਨਹੀਂ

ਪ੍ਰ10. ਹੇਠ ਦਿੱਤੇ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ: (4×2=8)

ੳ) ਬੁੱਢੀ ਮਾਈ ਦਾ ਪਹਿਰਾਵਾ ਕਿਹੋ ਜਿਹਾ ਸੀ?

ਅ) ਵੱਛੀ ਦੇ ਮਰਨ ਤੇ ਨੀਲੀ ਦੁੱਧ ਕਿਉਂ ਨਹੀਂ ਸੀ ਦੇ ਰਹੀ?

ੲ) ਪ੍ਰੋਫੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕੀ-ਕੀ ਕਾਰਨ ਸੋਚਦਾ ਹੈ?

ਸ) 'ਨੀਲੀ' ਕਹਾਣੀ ਦੇ ਪਾਤਰ ਗਵਾਲੇ ਬਾਰੇ ਸੰਖੇਪ ਜਾਣਕਾਰੀ ਲਿਖੋ।

ਹ) ਲੇਖਕ ਦੀ ਪਤਨੀ ਵੱਛੀ ਦੀ ਮੌਤ ਦਾ ਜਿੰਮੇਵਾਰ ਕਿਸ ਨੂੰ ਮੰਨਦੀ ਹੈ?

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ**

ਪ੍ਰ11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ: (1×5=5)

ੳ) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ?

1) ਦੇਵੀ ਮਾਤਾ ਦੀ 2) ਗੁੱਗੇ ਦੀ 3) ਪੀਰਾਂ-ਫਕੀਰਾਂ ਦੀ 4) ਹਕੀਕਤ ਰਾਏ ਦੀ

ਅ) ਮੁਕਤਸਰ ਦਾ ਪਹਿਲਾ ਨਾਂ ਕੀ ਸੀ?

1) ਖਿਦਰਾਣਾ ਅ) ਸ਼ਤਰਾਣਾ ੲ) ਵਡਾਲਾ ਸ) ਪਿੰਡੀ

ਅ) ਬੱਚੇ ਦੇ ਜਨਮ ਪਿੱਛੋਂ ਕਿਹੜੀ ਰਸਮ ਬਹੁਤ ਮਹੱਤਵਪੂਰਨ ਮੰਨੀ ਜਾਂਦੀ ਹੈ?

1) ਦਾਨ 2) ਗੁੜ੍ਹਤੀ 3) ਠਾਕਾ 4) ਰੋਕਾ

ੲ) ਵਰੀ ਕਿਸ ਦੇ ਘਰ ਤਿਆਰ ਕੀਤੀ ਜਾਂਦੀ ਹੈ?

1) ਕੁੜੀ ਵਾਲੇ 2) ਨਾਨਕੇ 3) ਮੁੰਡੇ ਵਾਲੇ 4) ਦਾਦਕੇ

ਸ) ਮੁਰਦੇ ਦੀ ਖੋਪਰੀ ਠਕੋਰਨ ਨੂੰ ਕੀ ਕਹਿੰਦੇ ਹਨ?

1) ਸੁਆਸ ਕ੍ਰਿਆ 2) ਸਭ ਠੀਕ ਹਨ 3) ਸੰਸਕਾਰ ਕ੍ਰਿਆ 4) ਕਪਾਲ ਕ੍ਰਿਆ

ਪ੍ਰ12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ। (4×2=8)

ੳ) ਪੰਜਾਬ ਵਿੱਚ ਵਿਆਹ ਦੇ ਰਸਮ ਰਿਵਾਜ਼ ਕਿਹੜੇ ਹਨ ਹੁਣ ਇਹਨਾਂ ਵਿੱਚ ਕੀ ਤਬਦੀਲੀ ਆਈ ਹੈ?

ਅ) ਪੰਜਾਬ ਦੇ ਰਸਮ-ਰਿਵਾਜਾਂ ਦੇ ਪੱਖੋਂ ਵੱਖ-ਵੱਖ ਧਾਰਮਿਕ ਭਾਈਚਾਰਿਆਂ ਵਿੱਚ ਕੀ-ਕੀ ਭਿੰਨਤਾ ਹੈ?

ੲ) ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ-ਕਿਹੜੇ ਹਨ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ।

# BUHDA DAL PUBLIC SCHOOL PATIALA

## First Term Examination (30 August 2024)

**Class - XII**

**Paper - Punjabi (Set-B)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਅਡਵਾਂਸ ਪੜ੍ਹਨ-ਕੌਸ਼ਲ

ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (8×1=8)

ਘੜੇ ਦਾ 'ਸ਼ਰੀਕ' ਫ਼ਰਿੱਜ ਜਾਂ ਵਾਟਰ-ਕੂਲਰ ਹੀ ਕਿਹਾ ਜਾ ਸਕਦਾ ਹੈ। ਫ਼ਰਿੱਜ ਨਾਲ਼ੋਂ ਘੜੇ ਦਾ ਪਾਣੀ ਕਈ ਗੱਲਾਂ ਵਿੱਚ ਉਪਯੋਗੀ ਮੰਨਿਆ ਗਿਆ ਹੈ। ਜੇ ਰਾਤ ਨੂੰ ਭਰੇ ਪਾਣੀ ਦੇ ਘੜੇ ਵਿੱਚੋਂ ਸਵੇਰੇ ਉੱਠਦਿਆਂ ਹੀ ਦੋ-ਤਿੰਨ ਗਲਾਸ ਪਾਣੀ ਪੀ ਲਏ ਜਾਣ ਤਾਂ ਸਰੀਰ ਤੰਦਰੁਸਤ ਰਹਿੰਦਾ ਹੈ। ਵਿਅਕਤੀ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਘੜੇ ਦਾ ਪਾਣੀ ਹਰ ਰੁੱਤ ਵਿੱਚ ਪੀਤਾ ਜਾ ਸਕਦਾ ਹੈ। ਸਰਦੀ ਦੇ ਮੌਸਮ ਵਿੱਚ ਘੜੇ ਦਾ ਪਾਣੀ ਠਾਰ ਭੰਨ ਕੇ ਪੀਤਾ ਜਾ ਸਕਦਾ ਹੈ। ਕਹਿੰਦੇ ਹਨ ਕਿ ਸਾਡਾ ਸਰੀਰ ਪੰਜ ਤੱਤਾਂ : ਮਿੱਟੀ, ਹਵਾ, ਪਾਣੀ, ਅਗਨੀ ਤੇ ਅਕਾਸ਼ ਦਾ ਬਣਿਆ ਹੋਇਆ ਹੈ। ਘੜੇ ਦੇ ਪਾਣੀ ਵਿੱਚ ਇਹ ਸਾਰੇ ਤੱਤ ਸੁਭਾਵਿਕ ਹੀ ਇੱਕ-ਮਿੱਕ ਹੋਏ ਮਿਲ਼ਦੇ ਹਨ। ਘੜੇ ਦਾ ਤਾਂ ਜਨਮ ਹੀ ਮਿੱਟੀ ਵਿੱਚੋਂ ਹੁੰਦਾ ਹੈ। ਪਾਣੀ ਨਾਲ਼ ਮਿੱਟੀ ਗੁੰਨ੍ਹ ਕੇ, ਖੁੱਲ੍ਹੇ ਅਕਾਸ਼ ਹੇਠ, ਚੱਕ ਉੱਤੇ ਪੌਣ ਦੇ ਮਿੱਠੇ ਹਿਲੋਰਿਆਂ ਨਾਲ਼ ਕਾਰੀਗਰ ਮਿੱਟੀ ਵਿੱਚ ਜਾਨ ਪਾਉਂਦਾ ਹੈ, ਅਗਨੀ ਘੜੇ ਨੂੰ ਪਕਾਉਂਦੀ ਹੈ। ਕੁਝ ਵੀ ਹੋਵੇ ਘੜੇ ਦਾ ਪਾਣੀ ਤਾਂ ਮਨੁੱਖ ਦੀ ਅੰਤਿਮ ਯਾਤਰਾ ਸਮੇਂ ਵੀ ਸਾਥ ਨਿਭਾਉਂਦਾ ਹੈ। ਘੜਾ ਭੰਨਣਾ ਸਾਡੇ ਸੱਭਿਆਚਾਰ ਵਿੱਚ ਅੰਤਿਮ ਸਮੇਂ ਦੀ ਇੱਕ ਰਸਮ ਵੀ ਹੈ।

(*i*) ਘੜੇ ਦਾ ਸ਼ਰੀਕ ਕੌਣ ਹੈ ?

(ੳ) ਫ਼ਰਿੱਜ (ਅ) ਵਾਟਰ ਕੂਲਰ

(ੲ) ਵੱਡਾ ਮਟਕਾ (ਸ) (ੳ) ਤੇ (ਅ) ਦੋਵੇਂ

(*ii*) ਕਿਹੜੇ ਮੌਸਮ ਵਿੱਚ ਘੜੇ ਦਾ ਪਾਣੀ ਠਾਰ ਭੰਨ ਕੇ ਪੀਤਾ ਜਾ ਸਕਦਾ ਹੈ ?

(ੳ) ਗਰਮੀ ਵਿੱਚ (ਅ) ਸਰਦੀ ਵਿੱਚ

(ੲ) ਬਸੰਤ ਰੁੱਤ ਵਿੱਚ (ਸ) ਇਨ੍ਹਾਂ ਵਿੱਚ ਕੋਈ ਨਹੀਂ

(*iii*) ਸਾਡਾ ਸਰੀਰ ਕਿੰਨੇ ਤੱਤਾਂ ਦਾ ਬਣਿਆ ਹੋਇਆ ਹੈ ?

(ੳ) ਚਾਰ (ਅ) ਤਿੰਨ

(ੲ) ਸੱਤ (ਸ) ਪੰਜ

(*iv*) ਘੜੇ ਦਾ ਜਨਮ ਕਿਸ ਵਿੱਚੋਂ ਹੁੰਦਾ ਹੈ ?

(ੳ) ਦੇਹ ਵਿੱਚੋਂ (ਅ) ਸੁਆਹ ਵਿੱਚੋਂ

(ੲ) ਮਿੱਟੀ ਵਿੱਚੋਂ (ਸ) ਰੇਤ ਵਿੱਚੋਂ

(*v*) ਘੜੇ ਨੂੰ ਕੌਣ ਪਕਾਉਂਦਾ ਹੈ ?

(ੳ) ਅਗਨੀ (ਅ) ਧੁੱਪ

(ੲ) ਪ੍ਰਕਾਸ਼ (ਸ) ਧੁੱਪ-ਛਾਂ

(*vi*) ਕਿਸ ਨਾਲ਼ੋਂ ਘੜੇ ਦਾ ਪਾਣੀ ਕਈ ਗੱਲਾਂ ਵਿੱਚ ਉਪਯੋਗੀ ਮੰਨਿਆ ਗਿਆ ਹੈ ?

(ੳ) ਖੂਹ ਨਾਲ਼ੋਂ (ਅ) ਨਹਿਰ ਨਾਲ਼ੋਂ

(ੲ) ਫ਼ਰਿੱਜ ਨਾਲ਼ੋਂ (ਸ) ਕਿਸੇ ਤੋਂ ਵੀ ਨਹੀਂ

(*vii*) ਸਾਡੇ ਸੱਭਿਆਚਾਰ ਵਿੱਚ ਘੜੇ ਨਾਲ਼ ਸੰਬੰਧਿਤ ਅੰਤਿਮ ਸਮੇਂ ਦੀ ਰਸਮ ਕਿਹੜੀ ਹੈ ?

(ੳ) ਘੜਾ ਚੁੱਕਣਾ (ਅ) ਘੜਾ ਭੰਨਣਾ

(ੲ) ਘੜਾ ਰੇੜ੍ਹਨਾ (ਸ) ਘੜਾ ਭਰਨਾ

(*viii*) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਕੀ ਹੋਵੇਗਾ ?

(ੳ) ਘੜਾ (ਅ) ਘੜੇ ਦਾ ਮਹੱਤਵ

(ੲ) ਘੜੇ ਦੀ ਬਣਤਰ (ਸ) ਇਹਨਾਂ ਵਿੱਚੋਂ ਕੋਈ ਨਹੀਂ

(8)

ਪ੍ਰ2. ਪ੍ਰਭਾਵਸ਼ਾਲੀ ਲਿਖਣ-ਕੌਸ਼ਲ

ਤੁਸੀਂ ਇੱਕ ਪੜ੍ਹੇ-ਲਿਖੇ ਕਿਸਾਨ ਹੋ। ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ-ਵਿਗਿਆਨ ਕੇਂਦਰ ਨੂੰ ਖੇਤੀਬਾੜੀ ਸਹਾਇਕ ਧੰਦਿਆਂ ਬਾਰੇ ਸਿਖਲਾਈ ਕੋਰਸ ਕਰਨ ਲਈ ਪੱਤਰ ਲਿਖੋ।

ਜਾਂ

ਤੁਸੀਂ ਮੱਛੀ ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ। ਆਪਣੇ ਜ਼ਿਲ੍ਹੇ ਦੇ ਮੱਛੀ-ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦਸਦੇ ਹੋਏ ਸਰਕਾਰ ਵੱਲੋਂ ਮਿਲਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਲਿਖੋ।

(7)

ਪ੍ਰ3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰ੍ਹਾ-ਰਚਨਾ ਕਰੋ

ਸੁਚੇਤ ਗਾਹਕ

ਜਾਂ

ਅਜ਼ਾਦ ਭਾਰਤ

ਵਿਹਾਰਕ ਵਿਆਕਰਨ

ਪ੍ਰ4. ਵਾਕ-ਵਟਾਂਦਰਾ (1×3=3)

ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ:

1) ਅੱਗੇ ਵੱਧ ਕੇ ਵੈਰੀ ਦੇ ਦੰਦ ਖੱਟੇ ਕਰੋ। (ਸੰਯੁਕਤ ਵਾਕ)
2) ਉਹ ਕਦੇ ਝੂਠ ਨਹੀਂ ਬੋਲਦਾ। (ਹਾਂ-ਵਾਚਕ)
3) ਤੁਹਾਡੀ ਸਿਆਣਪ ਨੂੰ ਸੱਭ ਜਾਣਦੇ ਹਨ। (ਪ੍ਰਸ਼ਨ-ਵਾਚਕ ਵਾਕ)
4) ਕਾਸ਼! ਮੈਂ ਡਾਕਟਰ ਹੁੰਦਾ। (ਸਧਾਰਨ-ਵਾਕ)

ਪ੍ਰ5. ਅਖਾਣ/ਅਖਾਉਤਾਂ (2×5=10)

ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ

ੳ) ਕੋਹ ਨਾ ਚਲੀ ਬਾਬਾ ਤਿਹਾਈ
ਅ) ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਣ
ੲ) ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ
ਸ) ਅੱਗੇ ਸੱਪ ਤੇ ਪਿੱਛੇ ਸ਼ੀਂਹ
ਹ) ਇੱਕ ਚੁੱਪ ਤੇ ਸੌ ਸੁੱਖ
ਕ) ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ

ਸਾਹਿਤ (ਪਾਠ-ਪੁਸਤਕ ਅਧਾਰਿਤ ਪ੍ਰਸ਼ਨ)

ਪ੍ਰ6. ਹੇਠ ਦਿੱਤੀਆਂ ਗਈਆਂ ਕਾਵਿ ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: (3+5=8)

ਸੁਹਣੀ ਨੇ ਅਸਮਾਨ ਖੜੋ ਕੇ, ਧਰਤੀ ਵੱਲ ਤਕਾ ਕੇ
ਇਹ ਮੁੱਠੀ ਖੋਲ੍ਹੀ ਤੇ ਸੁੱਟਿਆ, ਸਭ ਕੁਝ ਹੇਠ ਤਕਾ ਕੇ
ਜਿਸ ਥਾਂਵੇਂ ਧਰਤੀ 'ਤੇ ਆ ਕੇ, ਇਹ ਮੁੱਠ ਡਿੱਗੀ ਸਾਰੀ
ਓਸ ਥਾਂਉਂ 'ਕਸ਼ਮੀਰ' ਬਣ ਗਿਆ, ਟੁਕੜੀ ਜਗ ਤੋਂ ਨਿਆਰੀ।

ਜਾਂ

ਦੁਧੀਆਂ ਨਾਲ ਪਲਮਦੇ ਬੱਚੇ, ਕੰਮੀਂ ਰੁੱਝੀਆਂ ਮਾਂਵਾਂ
ਅੱਖਾਂ ਦੇ ਵਿੱਚ ਛਲਕਣ ਅੱਥਰੂ, ਹਿੱਕਾਂ ਦੇ ਵਿੱਚ ਆਹਾ
ਬੋਕਿਆਂ ਵਰਗੇ ਪੇਟ ਉਹਨਾਂ ਦੇ, ਤੁੱਕਿਆਂ ਵਰਗੇ ਗਾਟੇ
ਛਾਲੇ-ਛਾਲੇ ਹੱਥ ਉਹਨਾਂ ਦੇ, ਪੈਰ ਬਿਆਈਆਂ ਪਾਟੇ

**ਪ੍ਰ7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** (1×4=4)

ੳ) ਕੁਦਰਤ ਦੀ ਦੇਵੀ ਕਿੱਥੇ ਨਜ਼ਰ ਆਈ?

1) ਪਹਾੜਾਂ 'ਤੇ 2) ਧਰਤੀ ਤੇ 3) ਅਰਸ਼ਾਂ ਵਿੱਚ 4) ਨਦੀ ਵਿੱਚ

ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਕਿੱਥੇ ਸ਼ਹੀਦ ਹੋਏ?

1) ਅਨੰਦਪੁਰ ਸਾਹਿਬ ਵਿਖੇ 2) ਦਿੱਲੀ ਵਿਖੇ 3) ਸਰਹੰਦ ਵਿਖੇ 4) ਚਮਕੌਰ ਸਾਹਿਬ ਵਿਖੇ

ੲ) ਘੋੜੀ ਕਿਸ ਵਿੱਚ ਭਿੱਜੀ ਹੋਈ ਸੀ?

1) ਲਹੂ ਵਿੱਚ 2) ਮੀਂਹ ਵਿੱਚ 3) ਪਾਣੀ ਵਿੱਚ 4) ਤ੍ਰੇਲ ਵਿੱਚ

ਸ) ਤਾਜ ਮਹਿਲ ਕਵਿਤਾ ਵਿੱਚ ਕਿਹੜੇ ਸਮੇਂ ਦਾ ਖ਼ੂਬਸੂਰਤ ਚਿੱਤਰ ਪੇਸ਼ ਕੀਤਾ ਗਿਆ ਹੈ?

1) ਰਾਤ ਦਾ 2) ਸ਼ਾਮ ਦਾ 3) ਸਵੇਰ ਦਾ ਸ) ਬਰਸਾਤ ਦਾ

**ਕਹਾਣੀਆਂ ਵਿੱਚੋਂ** (6)

**ਪ੍ਰ8.** 'ਨੀਲੀ' ਕਹਾਣੀ ਵਿਚਲੇ ਗਵਾਲੇ ਦਾ ਪਾਤਰ-ਚਿੱਤਰਣ 125 ਤੋਂ 150 ਸ਼ਬਦਾਂ ਵਿੱਚ ਲਿਖੋ।

ਜਾਂ

'ਸਾਂਝ' ਕਹਾਣੀ ਦਾ ਸਾਰ 125 ਤੋਂ 150 ਸ਼ਬਦਾਂ ਵਿੱਚ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** (1×5=5)

ੳ) ਪ੍ਰੋਫੈਸਰ ਕਿੰਨੇ ਸਾਲਾਂ ਤੋਂ ਸਾਈਕਲ ਚਲਾ ਰਿਹਾ ਸੀ?

1) ਪੰਦਰਾਂ ਸਾਲ 2) ਸੱਤ ਸਾਲ 3) ਪੰਜ ਸਾਲ 4) ਤੀਹ ਸਾਲ

ਅ) ਨੀਲੀ ਕਿੰਨੇ ਦਿਨਾਂ ਦੀ ਭੁੱਖੀ ਸੀ?

1) ਇੱਕ 2) ਤਿੰਨ 3) ਦੋ 4) ਚਾਰ

ੲ) "ਪਰ ਕੁਝ ਚਿਰ ਹੋਰ ਤੂੰ ਸਬਰ ਕਰ ਲੈ"। ਇਹ ਸ਼ਬਦ ਕਿਸ ਨੇ ਕਹੇ?

1) ਗਵਾਲੇ ਨੇ 2) ਨੀਲੀ ਨੇ 3) ਲੇਖਕ ਨੇ 4) ਲੇਖਕ ਦੀ ਪਤਨੀ ਨੇ

ਸ) ਪ੍ਰੋਫੈਸਰ ਨੂੰ ਕੌਣ ਪੱਥਰ-ਦਿਲ ਜਾਪਿਆ?

1) ਬੁੱਢੀ ਮਾਈ 2) ਸਾਰੇ 3) ਬੱਸ ਦੀ ਸਵਾਰੀ 4) ਲਾਲ ਚੀਰੇ ਵਾਲਾ

ਹ) ਗਵਾਲਾ ਨੀਲੀ ਦੀ ਧਾਰ ਕਿਸ ਭਾਂਡੇ ਵਿੱਚ ਕੱਢਦਾ ਸੀ?

1) ਗਾਗਰ ਵਿੱਚ 2) ਬਾਲਟੀ ਵਿੱਚ 3) ਜੱਗ ਵਿੱਚ 4) ਡੋਲ੍ਹ ਵਿੱਚ

ਪ੍ਰ10. ਹੇਠ ਦਿੱਤੇ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ: (2×4=8)

ੳ) ਪ੍ਰੋਫੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕੀ-ਕੀ ਕਾਰਨ ਸੋਚਦਾ ਹੈ?

ਅ) ਬੁੱਢੀ ਮਾਈ ਦਾ ਪਹਿਰਾਵਾ ਕਿਹੋ ਜਿਹਾ ਸੀ?

ੲ) ਲੇਖਕ ਦੀ ਸ਼੍ਰੀਮਤ ਨੇ ਗਵਾਲੇ ਨਾਲ ਕਿਹੜੀਆਂ-ਕਿਹੜੀਆਂ ਸ਼ਰਤਾਂ ਤੈਅ ਕੀਤੀਆਂ ਸਨ?

ਸ) ਲੇਖਕ ਦੀ ਪਤਨੀ ਵੱਛੀ ਦੀ ਮੌਤ ਦਾ ਜ਼ਿੰਮੇਵਾਰ ਕਿਸ ਨੂੰ ਮੰਨਦੀ ਹੈ?

ਹ) ਇੱਕ ਪਾਤਰ ਵਜੋਂ ਨੀਲੀ ਬਾਰੇ ਸੰਖੇਪ ਜਾਣਕਾਰੀ ਦਿਓ।

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ**

ਪ੍ਰ11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ: (1×5=5)

ੳ) ਸ਼ੀਤਲਾ ਦੇਵੀ ਦਾ ਵਾਹਨ ਕਿਹੜਾ ਹੈ?

1) ਘੋੜਾ ਅ) ਮੋਰ ੲ) ਚੂਹਾ ਸ) ਖੋਤਾ

ਅ) ਹੋਲਾ-ਮਹੱਲਾ ਕਿੱਥੇ ਮਨਾਇਆ ਜਾਂਦਾ ਹੈ?

1) ਮੁਕਤਸਰ ਸਾਹਿਬ 2) ਕਰਤਾਰਪੁਰ ਸਾਹਿਬ 3) ਅਨੰਦਪੁਰ ਸਾਹਿਬ 4) ਅੰਮ੍ਰਿਤਸਰ ਸਾਹਿਬ

ੲ) ਫੱਗਣ ਵਿੱਚ ਕਿਹੜਾ ਤਿਉਹਾਰ ਮਨਾਇਆ ਜਾਂਦਾ ਹੈ?

1) ਲੋਹੜੀ 2) ਮਾਘੀ 3) ਤੀਆਂ 4) ਹੋਲੀ

ਸ) ਮੁੰਡੇ ਦੇ ਘੋੜੀ ਚੜ੍ਹਨ ਸਮੇਂ ਘੋੜੀ ਦੀ ਵਾਂਗ ਕੌਣ ਫੜ੍ਹਦਾ ਹੈ?

1) ਭਾਬੀ (ਭਰਜਾਈ) 2) ਭੈਣ 3) ਮਾਂ 4) ਮਾਸੀ

ਹ) ਅਰਥੀ ਲਈ ਕਿਹੜੀ ਲੱਕੜ ਵਰਤੀ ਜਾਂਦੀ ਹੈ?

1) ਬਾਂਸ/ ਬੇਰੀ ਦੀ 2) ਅੰਮ/ ਜਾਮੁਨ 3) ਕਿੱਕਰ/ ਟਾਲੀ 4) ਇਹਨਾਂ ਵਿੱਚੋਂ ਕੋਈ ਵੀ ਨਹੀਂ

ਪ੍ਰ12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ। (4×2=8)

ੳ) ਜੀਵ ਦੀ ਮੌਤ ਸਮੇਂ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ?

ਅ) ਰਸਮ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ?

ੲ) ਗੁਰੂ ਸਾਹਿਬਾਂ ਦੀ ਸਿਮਰਤੀ ਵਿੱਚ ਪੰਜਾਬ ਦੇ ਕਿਹੜੇ-ਕਿਹੜੇ ਮੇਲੇ ਲਗਦੇ ਹਨ? ਕਿਸੇ ਇੱਕ ਮੇਲੇ ਬਾਰੇ ਜਾਣਕਾਰੀ ਦਿਓ।